ਭੂਤ (ਪ੍ਰੇਤ) ਦੀ ਹੋਂਦ ਕੋਈ ਹੁੰਦੀ ਹੀ ਨਹੀਂ

ਹੱਡ ਬੀਤੀ

ਸੂਬੇਦਾਰ ਪਿਆਰਾ ਸਿੰਘ ਪਿਆਰ

ਮਾਰਚ 1942 ਵਿਚ ਮੈਂ ਗਿਆਨੀ ਦਾ ਇਮਤਿਹਾਨ ਦੇ ਕੇ ਪਿੰਡ ਚਲਾ ਗਿਆ ਸਾਂ। ਇਮਤਿਹਾਨ ਗੁਰੂ ਰਾਮਦਾਸ ਕਾਲਜ ਅੰਮ੍ਰਿਤਸਰ ਰਾਹੀਂ, ਪੰਜਾਬ ਯੂਨੀਵਰਸਟੀ ਲਾਹੌਰ ਨੂੰ ਦਿਤਾ ਸੀ। ਮੈਨੂੰ 14ਵਾਂ ਸਾਲ ਪੂਰੇ ਦੇ ਪਹਿਲੇ ਬੁੱਲ੍ਹੇ ਵਾਂਗ ਚੜ੍ਹ ਗਿਆ ਸੀ। ਇਸ਼ਕ ਦਾ ਜੋਸ਼ ਤਾਂ ਹੁੱਜਾਂ ਮਾਰਨ ਲੱਗ ਪਿਆ ਸੀ ਪਰ ਮੈਂ ਸ਼ਿਸ਼ਟਾਚਾਰ ਨਾਤੇ ਦੁੱਧ ਧੋਤਾ ਰਿਹਾ। ਪਿਤਾ ਜੀ ਨੇ ਕਰਿਆਨੇ ਦੀ ਦੁਕਾਨ ਪਾਈ ਹੋਈ ਸੀ ਜਿਸ ਵਿਚ ਮੈਂ ਸਾਲ ਭਰ ਹੱਥ ਵਟਾਇਆ ਪਰ ਮੈਨੂੰ ਇਹ ਬਾਣੀਆਂ ਵਾਲਾ ਕਿੱਤਾ ਮਾਫ਼ਕ ਨਹੀਂ ਸੀ।

ਮੱਝਾਂ ਤਾਂ ਸਾਡੇ ਕੋਲ ਪਹਿਲਾਂ ਹੀ ਦੋ ਸਨ, ਬਾਪੂ ਜੀ ਨੇ ਦੋ ਵਧੀਆ ਬਲਦ ਵੀ ਖ਼ਰੀਦ ਲਏ। ਖੇਤੀ ਦੇ ਸਾਰੇ ਸੰਦ, ਹਲ, ਪੰਜਾਲੀ, ਗੱਡਾ, ਸੁਹਾਗੀ ਆਦਿ ਸੱਭ ਨਵੇਂ ਬਣਵਾ ਲਏ। ਥੋੜੇ ਦਿਨਾਂ ਵਿਚ ਹੀ ਮੈਂ ਖੇਤੀ ਦਾ ਸਾਰਾ ਕੰਮ ਸੰਭਾਲ ਲਿਆ ਤੇ ਬਾਪੂ ਉਤਲੇ ਕੰਮਾਂ 'ਤੇ ਹੋ ਗਿਆ ਜਿਵੇਂ ਖੇਤੀਂ ਰੋਟੀ ਪਹੁੰਚਾਣੀ, ਪੱਠੇ ਵੱਢ ਦੇਣੇ, ਪਾਣੀ ਲੈਣ ਵੇਲੇ ਪਿੱਛੇ ਮੋਘਿਆਂ ਤਕ ਕਸੀ ਦੀ ਦੇਖਭਾਲ ਕਰਨੀ। ਪਾਣੀ ਦੀ ਵਾਰੀ ਕਦੇ ਦਿਨ ਦੀ ਹੁੰਦੀ ਸੀ ਤੇ ਕਦੇ ਰਾਤ ਦੀ। ਖ਼ਾਸ ਕਰ ਕੇ ਰਾਤ ਵੇਲੇ, ਮੋਘਿਆਂ ਤਕ (ਜਿਥੋਂ ਸੂਏ ਵਿਚੋਂ ਕਸੀਆਂ ਨਿਕਲਦੀਆਂ ਸਨ) ਮੈਂ ਜਾਣੋਂ ਡਰਦਾ ਸਾਂ ਕਿਉਂਕਿ ਉਦੋਂ ਉਮਰ ਪੰਦਰਾਂ ਕੁ ਵਰ੍ਹੇ ਹੀ ਸੀ। ਅੱਧੀ ਰਾਤ ਤੋਂ ਸੁਬਾਹ ਤਕ ਹਲ ਵਾਹੁਣਾ ਮੈਨੂੰ, ਮਿਰਜ਼ਾ ਇੱਜ਼ਤ ਬੇਗ ਦੇ ਇਸ਼ਕ ਜਿੰਨਾ ਪਿਆਰਾ ਸੀ। ਉਸ ਵੇਲੇ ਮੇਰੇ ਨਾਲ ਮੇਰੇ ਤਿੰਨ ਚੰਗੇ ਸਾਥੀ ਹੁੰਦੇ ਸਨ। ਦੋਵੇਂ ਬਲਦ ਅਤੇ ਇਕ ਕੁੱਤਾ ਜੋ ਬੁਲੀ ਨਸਲ ਦਾ ਸੀ। ਭਾਵੇਂ ਹਲ ਦਾ ਮੁੰਨਾ ਮੇਥੋਂ ਥੋੜਾ ਹੀ ਨੀਵਾਂ ਸੀ ਜਿਸ ਨੂੰ ਮੈਂ ਸੱਜੇ ਹੱਥ 'ਚ ਮੋਢੇ ਦੀ ਸੇਧ ਵਿਚ ਹੀ ਫੜਦਾ ਸੀ। ਕਈਆਂ ਨੇ ਬਾਪੂ ਜੀ ਨੂੰ ਕਿਹਾ ਕਿ ਪਿਆਰਾ ਅਜੇ ਨਿਆਣਾ ਹੈ ਪਰ ਮੈਂ ਅਪਣਾ ਸ਼ੌਕ ਨਹੀਂ ਸੀ ਛਡਿਆ।

ਪਹਿਲਾ ਸਾਲ ਠੀਕ ਰਿਹਾ ਤਾਂ ਅਗਲੇ ਸਾਲ ਅਸੀ ਤਿਨ ਘਰਾਂ ਨੇ ਰਲ ਕੇ ਇਕ ਪੂਰਾ ਮੁਰੱਬਾ ਠੇਕੇ 'ਤੇ ਸਾਲ ਵਾਸਤੇ ਲੈ ਲਿਆ। ਇਸ ਤਰ੍ਹਾਂ ਸਾਡੇ ਹਿੱਸੇ 8 ਏਕੜ ਢਾਈ ਕੁ ਵਿੱਘੇ ਆਏ। 6 ਏਕੜ ਸਾਡੀ ਘਰ ਦੀ ਜ਼ਮੀਨ ਸੀ। ਤਿੰਨੇ ਘਰਾਂ ਦੇ ਤਿਨ ਹਲ ਜਾਂਦੇ, ਗਾਉਂਦੇ, ਵਜਾਉਂਦੇ, ਹਾਸਾ ਠਾਠਾ ਕਰਦੇ ਅਸੀ ਪੂਰੀਆਂ ਖ਼ੁਸ਼ੀਆਂ ਮਾਣਦੇ। ਅਸੀ ਦੋ ਘਰਾਂ ਦੇ ਮੁੰਡੇ ਖ਼ੁਦ ਜਾਇਆ ਕਰਦੇ ਸਾਂ ਤੇ ਤੀਜੇ ਘਰ ਨੇ ਇਕ ਸੀਰੀ ਰਖਿਆ ਹੋਇਆ ਸੀ, ਉਹ ਜਾਂਦਾ। ਭਾਵੇਂ ਮੈਂ ਗੱਲ ਤਾਂ ਇਕ ਪਾਣੀ ਵਾਲੀ ਰਾਤ ਦੀ ਦਸਣੀ ਹੈ ਪਰ ਇਕ ਦਿਨ ਹਲ ਵਾਹੁੰਦਿਆਂ ਦੀ ਵੀ ਇਕ ਗੱਲ ਹੋ ਜਾਏ। ਅਸੀ ਵਾਰੀ ਸਿਰ, ਕਲੀਆਂ, ਆਵਾਜ਼ਾਂ ਜਾਂ ਸਮੇਂ ਦੇ ਪ੍ਰਚਲਤ ਗੀਤ, ਗਾਣੇ, ਗਾ-ਗਾ ਕੇ ਸਮੇਂ ਨੂੰ ਰੰਗੀਨ ਬਣਾਉਂਦੇ ਰਹਿੰਦੇ ਸਾਂ ਪਰ ਸੀਰੀ ਜ਼ਿਆਦਾ ਫ਼ਿਲਮੀ ਗਾਣੇ ਗਾਉਂਦਾ ਸੀ। ਉਸ ਦਾ ਬੋਲ ਵੀ ਸ਼ਮਸ਼ਾਦ ਬੇਗਮ ਵਾਂਗੂ ਮਿੱਠਾ ਤੇ ਤਿੱਖਾ ਸੀ। ਇਕ ਦਿਨ ਭਾਦੋਂ ਦੇ ਮਹੀਨੇ ਸਾਡੇ ਤਿੰਨੇ ਹਲ ਚੱਲ ਰਹੇ ਸਨ। ਕਰੀਬ 9 ਕੁ ਵਜੇ ਦਾ ਵਕਤ ਹੋਵੇਗਾ। ਸੀਰੀ ਨੂੰ ਉਸ ਦੇ ਘਰ ਵਾਲੀ ਆਉਂਦੀ ਦਿਸ ਗਈ ਤੇ ਉਸ ਨੇ ਗਾਉਣਾ ਸ਼ੁਰੂ ਕਰ ਦਿਤਾ :

'ਪੀ, ਵੇ ਢੋਲਾ ਪੀ, ਤੂੰ ਚਾਹ ਦੇ ਘੁੱਟ ਨੂੰ ਪੀ, ਜੀ ਵੇ ਢੋਲਾ ਜੀ, ਭਰਮਾ ਇਨ੍ਹਾਂ ਦਾ ਜੀਅ।'

ਅਸੀ ਹੈਰਾਨ ਹੋ ਕੇ ਪਿੰਡ ਵਲ ਨਜ਼ਰ ਫੇਰੀ ਤਾਂ ਦੇਖਿਆ ਕਿ ਉਸ ਦੇ ਘਰ ਵਾਲੀ ਕੋਲ ਪੋਲੀ, ਖੁਰਪੇ ਤੋਂ ਇਲਾਵਾ ਇਕ ਡੋਲੀ ਸੀ ਜਿਸ 'ਤੇ ਢੱਕਣ ਫਿੱਟ ਸੀ। ਅਸੀ ਹੱਸ ਕੇ ਅਪਣੇ ਕੰਮ ਵਿਚ ਮਗਨ ਹੋ ਗਏ ਪਰ ਅਗਲੇ ਹੀ ਗੇੜੇ ਉਸ ਨੇ ਲਾਢ ਕੱਢੀ, 'ਮੇਰੀ ਚੰਦਰੇ ਦੀ ਕਿਸਮਤ ਖੋਟੀ, ਆਉਂਦੀ ਆਉਂਦੀ ਪਿੱਛੇ ਮੁੜ ਗਈ।' ਜਦੋਂ ਅਸੀ ਉਧਰ ਵੇਖਿਆ ਤਾਂ ਉਹ ਡੋਲੀ ਨੂੰ ਟਾਹਲੀ ਦੀ ਟਾਹਣੀ ਨਾਲ ਬੰਨ੍ਹ ਕੇ ਕਿਧਰੇ ਘਾਹ ਟੋਲਣ ਤੁਰ ਗਈ ਸੀ। ਫਿਰ ਅਸੀ ਉਸ ਦਾ ਪੂਰਾ ਮਖ਼ੌਲ ਉਡਾਇਆ। ਡੋਲੀ ਵਿਚ ਪਾਣੀ ਸੀ।

ਪਾਣੀ ਵਾਲੀ ਰਾਤ ਕਿਵੇਂ ਲੰਘੀ, ਦੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇਹ ਦਸਣਾ ਵੀ ਜ਼ਰੂਰੀ ਹੈ ਕਿ ਮੁਰੱਬਾ ਕਿੰਨੀ ਦੂਰ ਪੈਂਦਾ ਸੀ। ਸਾਡੇ ਵਿਚ ਚੱਕ ਨੰ. 40 ਤੋਂ ਇਹ ਫ਼ਾਸਲਾ 7 ਮੁਰੱਬੇ (ਇਕ ਕੋਹ, ਅੱਜ ਦੇ ਡੇਢ ਕਿ.ਮੀ.) ਤੇ ਇਹ ਮੁਰੱਬਾ ਵਾਕਿਆ ਸੀ ਅਤੇ ਚੱਕ ਨੰ. 38 ਦਾ ਮੁਰੱਬਾ ਸੀ ਜੋ 38 ਤੋਂ ਦੋ ਕੋਹ ਦੇ ਫ਼ਾਸਲੇ 'ਤੇ ਸੀ ਤੇ ਕੱਸੀ ਦਾ ਅਖ਼ੀਰਲਾ ਮੁਰੱਬਾ ਸੀ। ਇਸ ਦੇ ਦੱਖਣ ਪੱਛਮ ਵਿਚ ਚੱਕ ਨੰ. 232 ਸੀ। ਉਨ੍ਹਾਂ ਦਿਨਾਂ ਵਿਚ ਉਥੋਂ ਸਰਦਾਰ ਸ. ਹਕੀਕਤ ਸਿੰਘ ਜ਼ਿਲ੍ਹੇ ਦਾ ਪ੍ਰਸਿੱਧ ਸਰਦਾਰ ਸੀ। ਉਸ ਦੇ ਪੋਤਰੇ ਹੁਣ ਵੱਡੇ ਅਫ਼ਸਰ, ਐਸ.ਐਸ.ਪੀ. ਆਦਿ ਲੱਗੇ ਹੋਏ ਹਨ। ਉਹ ਸਦਾ ਗ਼ਰੀਬਾਂ ਦੇ ਹੱਕ ਵਿਚ ਰਹਿੰਦਾ ਸੀ। ਹਾਂ ਤੇ ਇਸ ਮੁਰੱਬੇ ਤੋਂ ਪਿੰਡ 38 ਘੱਟੋ ਘੱਟ ਦੋ ਕੋਹ ਸੀ। ਰਾਹ ਵਿਚ ਕੋਈ ਦੋ ਮੁਰੱਬਾ ਭਰ ਬੇਲਾ ਸੀ (ਜਿਸ ਵਿਚ ਮਲ੍ਹੇ ਕਰੀਰ ਜਾਂ ਕਿਤੇ ਕਿਤੇ ਕਿੱਕਰ ਦੇ ਦਰੱਖ਼ਤ ਸਨ। ਇਹ ਬੇਲਾ, ਜੇ ਮੁਰੱਬੇ ਤੋਂ 38 ਨੂੰ ਜਾਈਏ ਤਾਂ ਖੱਬੇ ਹੱਥ ਸੀ ਤੇ ਕੱਸੀ ਦੇ ਸੱਜੇ ਪਾਸੇ 38 ਚੱਕ ਦੇ ਹੀ ਹੋਰ ਮੁਰੱਬੇ ਸਨ। ਬੇਲੇ ਵਿਚ ਸ਼ਾਇਦ ਹੱਡਾ ਰੋੜੀ ਵੀ ਸੀ ਤੇ ਇਥੇ 20 ਤੋਂ 30 ਤਕ ਆਵਾਰਾ ਕੁੱਤੇ ਵੀ ਸਨ। ਕੱਸੀ ਤੋਂ ਤੁਰ ਕੇ ਸਾਡੇ ਪਿੰਡ 40 ਵਲ ਨੂੰ ਵੇਖੀਏ ਤਾਂ ਇਸ ਬੇਲੇ ਦੇ ਅਖ਼ੀਰ ਵਿਚ ਸਾਡੇ ਪਿੰਡ ਦੀਆਂ ਮੜ੍ਹੀਆਂ ਸਨ, ਜਿਨ੍ਹਾਂ ਬਾਰੇ ਕਈ ਡਰਾਵਣੀਆਂ ਮਨ ਕਥੀਆਂ ਵੀ ਪ੍ਰਚਲਤ ਸਨ। ਤਕੜੇ ਦਿਲ ਵਾਲੇ ਹੀ ਰਾਤ ਨੂੰ ਇਥੋਂ ਲੰਘਦੇ ਸਨ।

ਬੇਲੇ ਦੇ ਅਖ਼ੀਰ ਤੇ ਇਕ ਪੁਲੀ ਸੀ ਜਿਸ ਦੇ ਹੇਠੋਂ ਸਾਡੀ ਕੱਸੀ ਲੰਘ ਕੇ ਆਉਂਦੀ ਸੀ ਤੇ ਉਤੋਂ ਦੀ ਇਕ ਜਰਨੈਲੀ ਕੱਚੀ ਸੜਕ (ਅੰਦਾਜ਼ਨ 40 ਗਜ਼ ਚੌੜੀ) ਤੇ ਸੜਕ ਦੇ ਨਾਲ ਨਾਲ ਇਕ ਸਰਵਿਸ ਰੋਡ (ਅੰਦਾਜ਼ਨ 12 ਫ਼ੁਟ) ਜਿਸ ਨੂੰ ਬੇਲਦਾਰ, ਪਾਣੀ ਛਿੜਕ ਕੇ ਕਾਠੀ ਬਣਾ ਕੇ, ਪੱਕੀ ਸੜਕ ਜਹੀ ਹੀ ਤਿਆਰ ਰਖਦੇ ਸਨ। ਇਸ ਸੜਕ 'ਤੇ ਕਈ ਥਾਂ ਅੜਾਖੜ (ਚੌਖਟੇ) ਗੱਡੇ ਹੁੰਦੇ ਸਨ ਤਾਕਿ ਕਾਰ ਤੋਂ ਇਲਾਵਾ ਕੋਈ ਗੱਡਾ, ਟਰੱਕ ਇਸ 'ਤੇ ਨਾ ਚੜ੍ਹ ਜਾਵੇ। ਸਾਈਕਲਾਂ ਨੂੰ ਕੋਈ ਰੋਕ ਨਹੀਂ ਸੀ।

ਇਸ ਪੁਲੀ ਤੋਂ ਕੋਈ ਦੋ ਫ਼ਰਲਾਂਗ ਅੱਗੇ ਇਕ ਕੱਚਾ ਗੁਰਦਵਾਰਾ ਸੀ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਇਸ ਦੀ ਸੇਵਾ ਇਕ ਭਾਟੜਾ ਸਿੰਘ (ਮਾਲ੍ਹਾ ਸਿੰਘ) ਕਰਦਾ ਸੀ। ਇਥੇ ਦੋ ਤਿੰਨ ਕੱਚੇ ਕੋਠੇ ਤੇ ਇਕ ਛੱਪਰ ਬੈਠਣ ਉਠਣ ਨੂੰ ਕਾਇਮ ਸੀ। ਇਥੇ ਆਏ ਗਏ ਨੂੰ ਆਰਾਮ ਤੇ ਰੋਟੀ ਟੁੱਕਰ ਵੀ ਮਿਲ ਜਾਂਦਾ ਸੀ। ਸ਼ਾਇਦ ਭਾਈ ਮਾਲ੍ਹਾ ਸਿੰਘ ਪਿੰਡਾਂ 'ਚੋਂ ਗਜ਼ਾ ਕਰ ਕੇ ਮਧੂਕੜੀ ਲੈ ਆਉਂਦਾ ਹੋਵੇਗਾ। ਇਸ ਨੂੰ ਬਾਵੇ ਦੀ ਖੂਹੀ ਕਿਹਾ ਜਾਂਦਾ ਸੀ।

ਮੋਘੇ ਇਸ ਪੁਲੀ ਤੋਂ ਇਕ ਜਾਂ ਡੇਢ ਕਿ.ਮੀ. ਅੱਗੇ ਸਨ। ਪਿੰਡ 38 ਦੀ ਉਤਰ ਦਿਸ਼ਾ ਦੀ ਬਾਹੀ ਦੇ ਨਾਲ ਨਾਲ ਜਾ ਕੇ ਅੱਗੇ ਮੋਘੇ ਆ ਜਾਂਦੇ ਸਨ ਤੇ ਇਨ੍ਹਾਂ ਮੋਘਿਆਂ ਪਾਰ ਇਹ ਸੂਆ (ਰਜਵਾਹਾ) ਬਣ ਜਾਂਦਾ ਸੀ। ਸਾਡੇ ਵਾਲੀ ਕੱਸੀ ਦਾ ਪਾਣੀ ਬਹੁਤ ਵਾਧੂ ਸੀ ਕਿਉਂਕਿ ਇਸ 'ਤੇ ਮੁਰੱਬੇ ਵੀ ਬਹੁਤ ਸਨ। ਕਮਜ਼ੋਰ ਬੰਦੇ ਲਈ ਇਸ ਦੇ ਨੱਕੇ ਮੋੜਨੇ ਕਾਫ਼ੀ ਔਖੇ ਸਨ। ਮੈਂ ਕਿਉਂਕਿ ਸੱਭ ਤੋਂ ਛੋਟਾ ਸੀ, ਇਸ ਵਾਸਤੇ ਜਦੋਂ ਵੀ ਪਾਣੀ ਦੀ ਵਾਰੀ ਆਉਣੀ ਤਾਂ ਮੈਂ ਮੋਘਿਆਂ ਤਕ ਗੇੜਾ ਮਾਰਨ ਦੀ ਜ਼ਿੰਮੇਵਾਰੀ ਸਾਂਭ ਲੈਣੀ। ਇਸ ਤਰ੍ਹਾਂ ਹੀ ਕਣਕ ਬੀਜੀ ਗਈ, ਪਲ ਵੀ ਗਈ। ਪੋਹ ਦੇ ਅਖ਼ੀਰ 'ਚ ਜਾ ਕੇ ਰਾਤ ਦੀ ਵਾਰੀ ਆ ਗਈ। 12 ਵਜੇ ਪਾਣੀ ਵਢਣਾ ਸੀ (ਦੂਜੇ ਦੇ ਖੇਤ ਨੂੰ ਲਗਦੇ ਪਾਣੀ ਨੂੰ ਅਪਣੇ ਖੇਤ ਨੂੰ ਮੋੜਨਾ) ਬੱਦਲ ਹੋਏ ਹੋਏ ਸਨ। ਹਵਾ ਵੀ ਪੱਛਮ ਦੀ ਠੰਢੀ ਠੰਢੀ ਚਲ ਰਹੀ ਸੀ। ਰਾਤ ਦੇ 11 ਵਜੇ ਅਸੀ ਚਾਹ ਪੀ ਕੇ, ਇਕ ਇਕ ਸੋਟੀ ਤੇ ਇਕ ਇਕ ਕਹੀ ਅਤੇ ਇਕ ਲਾਲਟੈਨ ਲੈ ਕੇ ਤੁਰ ਪਏ। 12 ਵਜੇ ਅਸੀ ਠੀਕ ਜਾ ਕੇ ਨੱਕਾ ਮੋੜਨ ਸਮੇਂ ਸੀਰੀ ਨੂੰ, (ਅੱਜ ਸੀਰੀ ਨੇ ਅਪਣੀ ਥਾਂ ਇਕ ਸਿਧਰਾ ਜਿਹਾ ਬੰਦਾ ਭੇਜ ਕੇ ਅਪਣੀ ਜਾਨ ਬਚਾਅ ਲਈ ਸੀ। ਉਸ ਬੰਦੇ ਨੇ ਅਪਣੇ ਦੁਆਲੇ ਇਕ ਹੌਲੀ ਜਹੀ ਰਜ਼ਾਈ ਲਪੇਟੀ ਹੋਈ ਸੀ) ਕਿਹਾ ਕਿ, 'ਜਾ ਤੂੰ ਅੱਗੇ ਡਾਟ (ਜਿਥੇ ਖੇਤ ਵਿਚ ਪਾਣੀ ਵਲਾਉ ਹੋਵੇ, ਉਸ ਨੂੰ ਨੱਕਾ ਤੇ ਅੱਗੇ ਖਾਲ ਵਿਚ ਪਾਣੀ ਰੋਕ ਕੇ ਰੱਖਣ ਵਾਲੇ ਬੰਧ ਨੂੰ ਅਸੀ ਡਾਟ ਕਹਿੰਦੇ ਸੀ) ਕੋਲ ਬੈਠ, ਕਿਤੇ ਉਹ ਟੁੱਟ ਨਾ ਜਾਵੇ।' ਉਹ ਬੰਦਾ ਡਾਟ ਦੇ ਪਾਰ ਬੈਠਣ ਦੀ ਥਾਂ ਜਿਧਰੋਂ ਪਾਣੀ ਆਉਣਾ ਸੀ, ਉਧਰ ਬੈਠ ਗਿਆ ਅਤੇ ਸੌਂ ਗਿਆ। ਜਦੋਂ ਅਸੀ ਪਾਣੀ ਮੋੜ ਕੇ ਉਥੇ ਪਹੁੰਚੇ, ਉਦੋਂ ਤਕ ਪਾਣੀ ਨੇ ਉਥੇ ਪਹੁੰਚ ਕੇ ਉਸ ਨੂੰ ਅਪਣੇ ਕਲਾਵੇ ਵਿਚ ਲੈ ਕੇ, ਉਸ ਨੂੰ ਪਿਆਰ ਕਰਨਾ ਸ਼ੁਰੂ ਕਰ ਦਿਤਾ ਸੀ। ਇਧਰੋਂ ਅਸੀ ਗਏ ਤੇ ਉਧਰੋਂ ਉਹ ਸਣੇ ਰਜ਼ਾਈ ਦੇ ਛਾਤੀ ਤਕ ਭਿਜਿਆ ਛੱਲ ਛੱਲ ਕਰਦਾ, ਉਠ ਕੇ ਖੜਾ ਹੋ ਗਿਆ। ਪਹਿਲੀ ਨਜ਼ਰੇ ਅਸੀ ਡਰ ਹੀ ਗਏ ਪਰ ਜਦੋਂ ਹੀ ਸਮਝ ਵੀ ਗਏ ਅਤੇ ਉਸ ਨੂੰ ਪੁਛਿਆ, 'ਓਏ ਆਹ ਕੀ ਕੀਤਾ ਤੈਂ?"

ਉਹ ਰੋਣ ਹਾਕਾ ਹੋ ਕੇ ਕਹਿਣ ਲੱਗਾ, "ਮੈਨੂੰ ਕਿਆ ਪਤਾ ਤਾ ਬਈ ਪਾਣੀ ਏਡੀ ਛੇਤੀ ਆਜੂਗਾ। ਮੈਨੂੰ ਊਂਘ ਆ ਗਈ।"

ਅਸੀ ਉਸ ਨੂੰ ਕਿਹਾ, "ਜਾਹ ਛਟੀਆਂ ਦੇ ਗੱਠੇ 'ਚੋਂ ਥੱਬਾ ਛਟੀਆਂ ਦਾ ਲਿਆ ਤੇ ਸੇਕ ਲੈ। ਡੱਬੀ ਪਹਿਲਾਂ ਈ ਸਾਡੇ ਕੋਲ ਸੀ ਕਿਉਂਕਿ ਸੇਕਣ ਦੀ ਸਾਨੂੰ ਵੀ ਲੋੜ ਪੈਣੀ ਸੀ।

ਮੇਰੇ ਨਾਲ ਦਾ ਸਾਥੀ ਕਹਿਣ ਲੱਗਾ, "ਲੈ ਬਈ ਦੋਸਤਾ! ਚਾਹੇ ਤਾਂ ਮੋਘਿਆਂ ਤਕ ਗੇੜਾ ਲਾ ਕੇ ਆ ਤੇ ਚਾਹੇ ਇਥੇ ਪਾਣੀ ਲਾਉਣ ਦਾ ਕੰਮ ਸਾਂਭ ਲੈ।"

ਉਸ ਨੂੰ ਯਕੀਨ ਸੀ ਪਈ ਇਹ ਅਜੇ ਨਿਆਣਾ ਹੈ। ਇਸ ਨੇ ਕੁੱਤਿਆਂ ਤੋਂ ਡਰਦੇ ਨੇ ਮੜ੍ਹੀਆਂ 'ਤੇ ਗੇੜਾ ਲਾਉਣ ਜਾਣਾ ਹੀ ਨਹੀਂ। ਮੈਂ ਦੋਵੇਂ ਕੰਮਾਂ ਤੋਂ ਡਰਦਾ ਸੀ। ਪਹਿਲਾਂ ਨੱਕਾ ਮੋੜਦੇ ਸਮੇਂ ਅਸੀ ਦੋਵੇਂ ਪਾਣੀ ਵਿਚ ਵੜੇ ਸੀ ਤਾਂ ਪਾਣੀ ਨੇ ਸਾਡੇ ਤੇ ਤਿੱਖੀ ਤਲਵਾਰ ਜਿਹਾ ਵਾਰ ਕੀਤਾ। ਏਨਾ ਠੰਢਾ ਕਿ ਬਿਆਨ ਕਰਨਾ ਮੁਸ਼ਕਲ ਤੇ ਕਣਕਾਂ ਮੋਢੇ ਮੋਢੇ ਸਨ, ਕਾਲੀ ਰਾਤ ਤੇ ਤੀਜਾ ਸਾਥੀ ਨਾ ਹੋਇਆਂ ਵਰਗਾ। ਪੈਰ ਤਾਂ ਪਹਿਲਾਂ ਹੀ ਠੰਢੇ ਯੱਖ ਹੋ ਗਏ ਸਨ, ਸਾਰੀ ਰਾਤ ਠਰੇ ਪਾਣੀ ਵਿਚ ਕਟਣੀ ਤਾਂ ਮੈਨੂੰ ਮੌਤ ਸਮਾਨ ਲੱਗੀ ਪਰ ਉਧਰ, ਬੀਆ ਬਾਨ ਮੜ੍ਹੀਆਂ ਤੇ ਹੱਡਾ-ਰੋੜੀ ਦੇ ਕੁੱਤੇ ਵੀ ਮੇਰਾ ਖ਼ੂਨ ਸੁਕਾਉਣ। ਸੋਚ ਸੋਚ ਕੇ ਮੈਂ ਫ਼ੈਸਲਾ ਕਰ ਲਿਆ ਪਿੱਛੇ ਹੀ ਚਲ ਗੇੜਾ ਮਾਰਨ ਦਾ। ਅੱਜ ਭੂਤਾਂ ਦਾ ਜਾਂ ਤਾਂ ਭਰਮ ਮਿਟ ਗਿਆ ਤੇ ਜਾਂ ਜੋ ਹੁੰਦਾ ਹੈ, ਮਰਦਾਂ ਵਾਂਗੂ ਝੱਲ। ਰਹੀ ਗੱਲ ਕੁੱਤਿਆਂ ਦੀ, ਜੇ ਕੁੱਤੇ ਪੈ ਵੀ ਜਾਣ ਤਾਂ ਪਹਿਲਾਂ ਤਾਂ ਪੁਚਕਾਰ ਤੇ ਜੇ ਫਿਰ ਵੀ ਕੋਈ ਮੂੰਹ ਪਾਉਂਦਾ ਹੈ ਤਾਂ ਗੰਧਾਲੀ (ਜਿਸ ਸੋਟੀ ਦੇ ਮੋਟੇ ਸਿਰੇ 'ਤੇ 6 ਤੋਂ 8 ਇੰਚ ਦੀ ਲੋਹੇ ਦੀ ਫਾਲ ਜੜੀ ਹੋਵੇ, ਸਾਡੇ ਲੋਕ ਉਸ ਨੂੰ ਗੰਧਾਲੀ ਕਹਿੰਦੇ ਸਨ, ਹੋ ਸਕਦੈ ਇਸ ਦਾ ਨਾਂ ਕੰਧਾਲੀ ਹੋਵੇ) ਉਸ ਨੂੰ ਜਿਥੇ ਵੀ ਲੱਗੇ, ਗੱਡ ਦੇਵੀਂ। ਮੈਂ ਕਿਹਾ, "ਮੈਂ ਪਿੱਛੇ ਹੀ ਜਾਵਾਂਗਾ।"

ਉਸ ਨੇ ਫਿਰ ਕਿਹਾ, "ਸੋਚ ਲੈ! ਮੜ੍ਹੀਆਂ ਕੋਲੋਂ ਲੰਘਣਾ ਖ਼ਤਰਨਾਕ ਹੈ।"

ਉਤੋਂ ਮੈਂ ਕਿਹਾ, "ਕੋਈ ਗੱਲ ਨਹੀਂ" ਪਰ ਵਿਚੋਂ ਮੈਂ ਡਰ ਰਿਹਾ ਸੀ।

ਲਾਲਟੈਨ ਨਾਕੇ ਤੇ ਰੱਖ ਲਈ ਤੇ ਮੈਂ ਹੌਸਲਾ ਕਰ ਕੇ ਬਾਣੀ ਦਾ ਪਾਠ ਕਰਦੇ ਕਰਦੇ ਤੁਰ ਪਿਆ। ਕਾਲੀ ਰਾਤ, ਬੱਦਲਾਂ ਨੇ ਇਸ ਦੇ ਸੁੰਦਰ ਮੁਖੜੇ 'ਤੇ ਹੋਰ ਕਾਲਖ ਮਲ ਦਿਤੀ। ਠੰਢੀ ਹਵਾ ਵਿਚ ਜਦੋਂ ਮੈਂ ਗੋਡੇ 'ਤੇ ਧਾਵਾ ਬੋਲਿਆ ਤਾਂ ਲਾਲਟੈਨ ਦੇ ਚਾਨਣ ਵਿਚੋਂ ਜਾਣ ਕਰ ਕੇ ਰਾਹ, ਵੱਟਾਂ ਆਦਿ ਕੁੱਝ ਵੀ ਨਾ ਦਿਸੇ ਪਰ ਅੰਨ੍ਹੇ ਦੀ ਟੋਹਣੀ ਵਾਂਗ ਗੰਧਾਲੀ ਨਾਲ ਹੀ ਮੈਂ ਵੱਟ ਦੀ ਪਰਖ, ਉਚੇ ਨੀਵੇਂ ਥਾਂ ਦੀ ਪਛਾਣ ਕਰਦਾ ਕੱਛੂ ਕੁੰਮੇ ਦੀ ਤੋਰ ਦੋ ਕੋਹ ਖ਼ਤਰਿਆਂ ਭਰੀ ਵਾਟ 'ਤੇ ਸਵਾਰ ਹੋ ਗਿਆ। ਤਿੰਨ ਜਾਂ ਚਾਰ ਮੁਰੱਬੇ ਮੈਂ ਖਾਲੇ ਦੀ ਵੱਟ ਦੇ ਉਤੋ ਉਤੇ ਬਚਦਾ ਬਚਾਉਂਦਾ ਲੰਘ ਗਿਆ। ਜਿਥੇ ਕਿਤੇ ਕਿਸੇ ਮੁਰੱਬੇ ਦਾ ਪਾਣੀ ਦਾ ਨੱਕਾ ਆਉਂਦਾ ਸੀ, ਖੜ ਕੇ ਪਰੀ ਨੀਝ ਲਾ ਕੇ ਵੇਖ ਲੈਂਦਾ ਸੀ। ਗੰਧਾਲੀ ਨਾਲ ਟੋਹ ਲੈਂਦਾ ਸੀ। ਮੇਰੇ ਹੱਕ 'ਚ ਇਹ ਗੱਲ ਜਾਂਦੀ ਸੀ ਕਿ ਜੇ ਕਿਧਰੇ ਪਾਣੀ ਹੁੰਦਾ ਤਾਂ ਉਹ ਅਪਣੀ ਚਮਕ ਨਹੀਂ ਸੀ ਲੁਕਾਉਂਦਾ, ਭਾਵੇਂ ਕਾਲੀ ਰਾਤ ਉਸ ਦੇ ਮੁਖੜੇ ਤੇ ਕਾਲਖ ਭਰਿਆ ਹੱਥ ਫੇਰਦੀ ਰਹਿੰਦੀ ਸੀ।

ਹੁਣ ਆ ਗਿਆ ਖੱਬੇ ਹੱਥ ਬੇਲਾ ਤੇ ਸੱਜੇ ਹੱਥ ਖੇਤੀਬਾੜੀ ਵਾਲੀ ਜ਼ਮੀਨ। ਮੇਰਾ ਡਰ ਵੀ ਹੁਣ ਭਰ ਜਵਾਨੀ ਵਿਚ ਆ ਰਿਹਾ ਸੀ। ਮੈਂ ਜਿਸ ਤੌਖਲੇ ਨੂੰ ਲਾਹ ਲਾਹ ਸੁਟਦਾ, ਉਹ ਹੋਰ ਮੈਨੂੰ ਕੱਸ ਕੇ ਫੜ ਲੈਂਦਾ ਸੀ। ਮੇਰੇ ਅੰਦਰ ਢੋਲ ਵਾਲਾ ਵੜ ਗਿਆ ਤੇ ਲੱਗਾ ਢੋਲ ਨੂੰ ਜ਼ੋਰ ਜ਼ੋਰ ਨਾਲ ਕੁੱਟਣ। ਮੇਰੇ ਖੱਬੇ ਬੇਲੇ ਵਿਚ ਮਲ੍ਹੇ, ਕਰੀਰ, ਪੰਜ ਦਸ ਦਸ ਕਦਮਾਂ 'ਤੇ ਝੁਕ ਰਹੇ ਸਨ ਤੇ ਇਨ੍ਹਾਂ ਦੇ ਪਾਰੋਂ ਮੜ੍ਹੀਆਂ ਮੈਨੂੰ ਏਨੀ ਦੂਰੋਂ ਹੀ ਘੂਰ ਘੂਰ ਡਰਾ ਰਹੀਆਂ ਸਨ ਕਿ ਮੇਰਾ ਖ਼ੂਨ ਸ਼ਾਇਦ ਸੁਕਦਾ ਜਾ ਰਿਹਾ ਸੀ। ਮੈਂ ਫੂਕ ਫੂਕ ਕੇ ਕਦਮ ਰੱਖ ਰਿਹਾ ਸੀ ਤੇ ਚਾਰ ਚੁਫੇਰੇ ਗਰਦਨ ਘੁਮਾ ਘੁਮਾ ਕੇ ਵੇਖ ਰਿਹਾ ਸੀ ਪਰ ਉਸ ਸਮੇਂ ਮੈਨੂੰ ਇਕ ਬਹੁਤ ਹੀ ਸੋਹਣੀ ਕੁੜੀ ਨੇ ਅਜ਼ਗੈਬ ਤੋਂ ਆ ਕੇ ਸਹਾਰਾ ਦੇ ਕੇ, ਮੈਨੂੰ ਮੇਰੀ ਮੰਜ਼ਲ 'ਤੇ ਪਹੁੰਚਾਉਣ ਦਾ ਢੋਅ ਢੁਕਾਇਆ। ਪੁਛਣਾ ਚਾਹੁੰਦੇ ਹੋ ਕਿ ਕੌਣੀ ਸੀ ਉਹ ਸੁੰਦਰੀ ਜਿਹੜੀ ਇਹੋ ਜਹੀ ਭਿਆਨਕ ਰਾਤ ਵਿਚ 'ਕੱਲੀ ਆ ਕੇ, ਜ਼ਮਾਨੇ ਤੇ ਘਰ ਦਿਆਂ ਦਾ ਡਰ ਠੁਕਰਾ ਕੇ ਮੈਨੂੰ ਹੌਸਲਾ ਦੇ ਕੇ, ਡਿਗਦੇ ਨੂੰ ਖੜਾ ਕਰ ਕੇ, ਮੰਜ਼ਲ 'ਤੇ ਪਹੁੰਚ ਗਈ?

ਉਹ ਸੀ ਸੋਹਣੀ, ਤੁੱਲੇ ਘੁਮਿਆਰ, ਗੁਜਰਾਤੀਏ ਦੀ ਲਾਡਲੀ। ਜਦੋਂ ਮੈਂ ਸੁੰਗੜਦਾ ਜਾ ਰਿਹਾ ਸੀ ਤਾਂ ਉਹ ਮੇਰੀਆਂ ਸੋਚਾਂ 'ਤੇ ਭਾਰੂ ਹੋ ਗਈ। ਮੈਂ ਸੋਚਿਆ, 'ਓ ਪਿਆਰੇ! ਤੇਰੇ ਨਾਲੋਂ ਤਾਂ ਉਹ ਗੁਜਰਾਤ ਦੀ ਕੁੜੀ ਹੀ ਇਕ ਨਰੋਆ ਮਰਦ ਸੀ ਜਿਸ ਨੇ ਇਸ ਤੋਂ ਵੀ ਭੈੜੀ ਕਾਲੀ ਬੋਲੀ ਰਾਤ ਵਿਚ ਘਰੋਂ ਕਦਮ ਚੁਕਿਆ ਤੇ ਮੀਂਹ ਵਰਸਦੇ ਵਿਚ, ਜਿਸ ਨੂੰ ਰਸਤਾ ਵੀ ਕਦੇ ਕਦੇ ਬਿਜਲੀ ਲਿਸ਼ਕ ਕੇ ਵਿਖਾਉਂਦੀ ਸੀ, ਜੋ ਤੱਕੀ ਮੜੱਕੀ ਝਨਾ ਵਲ ਕੰਢਿਆਂ ਵਿਚ ਫਸਦੀ ਤੇ ਅਪਣਾ ਪੱਲੂ ਛੁਡਾਉਂਦੀ ਹੋਈ ਵੱਧ ਰਹੀ ਸੀ, ਜਿਸ ਨੇ ਝਾੜੀਆਂ 'ਚੋਂ ਚੁੱਕੇ ਘੜੇ ਦਾ ਵੀ ਹਿਰਖ ਨਹੀਂ ਕੀਤਾ, ਤੇ ਤੂੰ ਕਿਹੋ ਜਿਹਾ ਮਰਦ ਹੈਂ ਜੋ ਬਿਨਾਂ ਕਿਸੇ ਖ਼ਤਰਨਾਕ ਹਾਦਸੇ ਤੋਂ ਹੀ, ਡਰ ਡਰ ਕੰਬ ਰਿਹਾ ਹੈਂ? ਤੈਨੂੰ ਸ਼ਰਮ ਆਉਣੀ ਚਾਹੀਦੀ ਹੈ।'

ਮੈਂ ਕਾਫ਼ੀ ਹੱਦ ਤਕ ਸੰਭਲ ਗਿਆ ਤੇ ਉਸ ਨੂੰ ਕਿਹਾ, 'ਭੈਣੇ! ਤੂੰ ਬੇਸ਼ਕ ਮੁੜ ਜਾ ਅਪਣੇ ਘਰ ਨੂੰ, ਹੁਣ ਪਿਆਰਾ ਕਿਸੇ ਵੀ ਖ਼ਤਰੇ ਜਾਂ ਬੁਰੇ ਹਾਲਾਤ ਤੋਂ ਨਹੀਂ ਡਰੇਗਾ ਪਰ ਉਹ ਦਿਨ ਚੜ੍ਹਦੇ ਤਕ ਮੇਰੇ ਨਾਲ ਹੀ ਰਹੀ। ਐਨ ਉਸ ਵੇਲੇ ਹੀ (ਸ਼ਾਇਦ ਪਾਠਕ ਇਸ ਗੱਲ 'ਤੇ ਯਕੀਨ ਨਾ ਕਰਨ ਪਰ ਮੈਂ ਪਰਮੇਸ਼ਰ ਨੂੰ ਹਾਜ਼ਰ-ਨਾਜ਼ਰ ਮੰਨ ਕੇ ਲਿਖ ਰਿਹਾ ਹਾਂ) ਠੰਢੀ ਯੱਖ ਹਵਾ ਦੇ ਚਲਦੇ ਹੋਏ, ਹਵਾ ਦਾ ਗਰਮ ਬੁੱਲ੍ਹਾ ਆਇਆ ਜੋ ਕਰੀਬ ਇਕ ਮਿੰਟ ਤਕ ਕਾਇਮ ਰਿਹਾ ਤੇ ਫਿਰ ਠੰਢਾ ਹੁੰਦਾ ਹੁੰਦਾ ਪੂਰਾ ਠੰਢਾ ਹੋ ਗਿਆ। ਮੈਂ ਤ੍ਰਭਕ ਕੇ ਖੜਾ ਹੋ ਕੇ ਸੋਚਣ ਲੱਗਾ, ਇਹ ਗਰਮ ਹਵਾ ਕਿਥੋਂ ਆਈ? ਕਿਤੇ ਨੇੜੇ ਅੱਗ ਨਹੀਂ, ਦੂਰ ਪਰੇ ਕੋਈ ਚਿਖਾ ਵੀ ਨਹੀਂ ਸੜ ਰਹੀ ਪਰ ਮੇਰੀ ਸੋਚ ਨੂੰ ਇਸ ਦੀ ਕਾਹ ਨਾ ਪਈ। ਨਾ ਹੀ ਅੱਜ ਤਕ ਇਸ ਦੀ ਸਮਝ ਪਈ ਹੈ। ਇਸ ਗੱਲ ਨੂੰ ਕਰੀਬ 70 ਸਾਲ ਹੋ ਗਏ ਹਨ। ਮੈਂ ਦਲੇਰੀ ਨਾਲ ਬੇਲਾ ਪਾਰ ਕਰਨ ਹੀ ਵਾਲਾ ਸੀ, ਕੱਸੀ ਦਾ ਮੋੜ ਤੇ ਪੁਲੀ ਕੋਈ ਡੇਢ ਜਾਂ ਦੋ ਸੌ ਗਜ਼ 'ਤੇ ਸੀ, ਉਹ ਕੁੱਤੇ ਭੌਂਕ ਪਏ ਜਿਨ੍ਹਾਂ ਦਾ ਡਰ ਸੀ। ਮੈਨੂੰ ਲੱਗਾ ਕਿ ਘੱਟੋ ਘੱਟ ਉਹ 10 ਕੁੱਤੇ ਹੋਣਗੇ। ਮੈਂ ਰੁਕ ਕੇ ਸੋਚਿਆ ਤੇ ਸੋਚ ਨੇ ਕਿਹਾ ਕਿ ਇਨ੍ਹਾਂ ਪਤੰਦਰਾਂ ਕੋਲ ਜਾ ਕੇ ਤੂੰ ਕੜ੍ਹੀ ਲੈਣੀ ਏ? ਪਾਸਾ ਵੱਟ ਜਾ। ਮੈਂ ਥੋੜਾ ਹੋਰ ਖੱਬੇ ਹੱਥ ਵਲੇਂਵਾਂ ਪਾ ਕੇ ਸਿੱਧਾ ਬਾਵੇ ਦੀ ਖੂਹੀ (ਗੁਰਦਵਾਰੇ) ਜਾ ਪਹੁੰਚਿਆ। ਉਥੇ ਵੀ ਤਿੰਨ ਚਾਰ ਕੁੱਤੇ ਭੌਂਕ ਉਠੇ। ਮੈਂ ਚੁਟਕੀ ਵਜਾ ਵਜਾ ਕੇ ਉਨ੍ਹਾਂ ਨੂੰ ਪੁਚਕਾਰਿਆ ਤਾਂ ਉਹ ਪੂਛਾਂ ਮਾਰ ਕੇ ਸਵਾਗਤ ਕਰਨ ਲੱਗ ਪਏ। ਡੇਰੇ ਵਾਲੇ ਸੱਭ ਸੁੱਤੇ ਪਏ ਸਨ। ਮੈਂ ਛੱਪਰ ਹੇਠ ਥੜੇ 'ਤੇ ਬੈਠ ਕੇ ਭੂਤਾਂ ਦੇ ਡਰ ਨੂੰ ਉਂਕਾ ਹੀ ਖ਼ਤਮ ਕਰ ਦਿਤਾ। ਕੁੱਤੇ ਫਿਰ ਆਰਾਮ ਫ਼ੁਰਮਾਉਣ ਲੱਗੇ। ਮੈਂ ਥੋੜੀ ਦੇਰ ਬੈਠ ਕੇ ਤੇ ਹੌਲਾ ਫੁੱਲ ਹੋ ਕੇ ਫਿਰ ਅੱਗੇ ਜਾ ਕੇ ਕੱਸੀ 'ਤੇ ਚੜ੍ਹ ਗਿਆ ਤੇ 38 ਚੱਕ ਲੰਘ ਕੇ ਮੋਘਿਆਂ ਤਕ ਸੱਭ ਅੱਛੇ ਦੀ ਖ਼ਬਰ ਲੈ ਕੇ ਫਿਰ ਪੌਹ ਫਟਣ ਤੋਂ ਪਹਿਲਾਂ, ਠੇਕੇ ਵਾਲੇ ਮੁਰੱਬੇ ਜਾ ਪਹੁੰਚਿਆ। ਖ਼ੈਰ ਨਾਲ ਦਿਨ ਚੜ੍ਹ ਆਇਆ ਪਰ ਪਾਲਾ ਹੋਰ ਵੱਧ ਗਿਆ। ਅਸੀ ਮੂੰਹ ਚੁੱਕ ਚੁੱਕ ਪਿੰਡ ਵਲ ਵੇਖਦੇ ਰਹੇ। ਉਡੀਕਾਂ ਵਿਚ 12 ਵਜ ਗਏ ਪਰ ਚਾਹ ਨਾ ਰੋਟੀ ਵਾਝੋਂ ਸਾਡੇ ਮੂੰਹ ਉਡੇ ਹੋਏ ਸਨ ਤੇ ਢਿੱਡਾਂ ਵਿਚ ਚੂਹੇ ਨੱਚਣ ਨਾਲੋਂ ਘੋੜੇ ਦੌੜ ਲਗਾ ਰਹੇ ਸਨ। ਅੰਤ ਅਸੀ ਪਾਣੀ ਦੀ ਵਾਰੀ ਲਾ ਕੇ, ਭੁੱਖਣ ਭਾਣੇ ਹੀ ਅਪਣੇ ਪਿੰਡ ਨੂੰ ਪਰਤ ਆਏ ਪਰ ਮੈਂ ਭੂਤਾਂ ਪ੍ਰੇਤਾਂ ਦੇ ਡਰ ਤੋਂ ਮੁਕਤ ਹੋ ਗਿਆ।

ਮੋਬਾਈਲ : 99886-28989

> ਮੇਰੇ ਖੱਬੇ ਬੇਲੇ ਵਿਚ ਮਲ੍ਹੇ, ਕਰੀਰ, ਪੰਜ ਦਸ ਦਸ ਕਦਮਾਂ 'ਤੇ ਝੁਕ ਰਹੇ ਸਨ ਤੇ ਇਨ੍ਹਾਂ ਦੇ ਪਾਰੋਂ ਮੜ੍ਹੀਆਂ ਮੈਨੂੰ ਏਨੀ ਦੂਰੋਂ ਹੀ ਘੂਰ ਘੂਰ ਡਰਾ ਰਹੀਆਂ ਸਨ ਕਿ ਮੇਰਾ ਖ਼ੂਨ ਸ਼ਾਇਦ ਸੁਕਦਾ ਜਾ ਰਿਹਾ ਸੀ। ਮੈਂ ਫੂਕ ਫੂਕ ਕੇ ਕਦਮ ਰੱਖ ਰਿਹਾ ਸੀ ਤੇ ਚਾਰ ਚੁਫੇਰੇ ਗਰਦਨ ਘੁਮਾ ਘੁਮਾ ਕੇ ਵੇਖ ਰਿਹਾ ਸੀ ਪਰ ਉਸ ਸਮੇਂ ਮੈਨੂੰ ਇਕ ਬਹੁਤ ਹੀ ਸੋਹਣੀ ਕੁੜੀ ਨੇ ਅਜ਼ਗੈਬ ਤੋਂ ਆ ਕੇ ਸਹਾਰਾ ਦੇ ਕੇ, ਮੈਨੂੰ ਮੇਰੀ ਮੰਜ਼ਲ 'ਤੇ ਪਹੁੰਚਾਉਣ ਦਾ ਢੋਅ ਢੁਕਾਇਆ। ਪੁਛਣਾ ਚਾਹੁੰਦੇ ਹੋ ਕਿ ਕੌਣੀ ਸੀ ਉਹ ਸੁੰਦਰੀ ਜਿਹੜੀ ਇਹੋ ਜਹੀ ਭਿਆਨਕ ਰਾਤ ਵਿਚ 'ਕੱਲੀ ਆ ਕੇ, ਜ਼ਮਾਨੇ ਤੇ ਘਰ ਦਿਆਂ ਦਾ ਡਰ ਠੁਕਰਾ ਕੇ ਮੈਨੂੰ ਹੌਸਲਾ ਦੇ ਕੇ, ਡਿਗਦੇ ਨੂੰ ਖੜਾ ਕਰ ਕੇ, ਮੰਜ਼ਲ 'ਤੇ ਪਹੁੰਚ ਗਈ? ਠੰਢੀ ਯੱਖ ਹਵਾ ਦੇ ਚਲਦੇ ਹੋਏ, ਹਵਾ ਦਾ ਗਰਮ ਬੁੱਲ੍ਹਾ ਆਇਆ ਜੋ ਕਰੀਬ ਇਕ ਮਿੰਟ ਤਕ ਕਾਇਮ ਰਿਹਾ ਤੇ ਫਿਰ ਠੰਢਾ ਹੁੰਦਾ ਹੁੰਦਾ ਪੂਰਾ ਠੰਢਾ ਹੋ ਗਿਆ। ਮੈਂ ਤ੍ਰਭਕ ਕੇ ਖੜਾ ਹੋ ਕੇ ਸੋਚਣ ਲੱਗਾ, ਇਹ ਗਰਮ ਹਵਾ ਕਿਥੋਂ ਆਈ? ਕਿਤੇ ਨੇੜੇ ਅੱਗ ਨਹੀਂ, ਦੂਰ ਪਰੇ ਕੋਈ ਚਿਖਾ ਵੀ ਨਹੀਂ ਸੜ ਰਹੀ ਪਰ ਮੇਰੀ ਸੋਚ ਨੂੰ ਇਸ ਦੀ ਕਾਹ ਨਾ ਪਈ। ਨਾ ਹੀ ਅੱਜ ਤਕ ਇਸ ਦੀ ਸਮਝ ਪਈ ਹੈ। ਇਸ ਗੱਲ ਨੂੰ ਕਰੀਬ 70 ਸਾਲ ਹੋ ਗਏ ਹਨ।

ਕਾਵਿ-ਕਿਆਰੀ

ਨਾ ਮਾਰੀਂ ਤੂੰ ਇਹਨੂੰ ਕੁੱਖ ਵਿਚ

ਸੁਣ ਕੇ ਕੁੱਕੜ ਦੇ ਬੋਲ ਨੂੰ ਮੈਂ,
ਉਠ ਕੇ ਚੱਕੀ ਚਲਾਉਂਦੀ ਸੀ।
ਕੱਖ ਪੱਠਾ ਪਾ ਕੇ ਮੱਝਾਂ ਨੂੰ,
ਧਾਰਾਂ ਕੱਢ ਕੇ ਲਿਆਉਂਦੀ ਸੀ।
ਰੱਖ ਕੇ ਘੜੇ ਨੂੰ ਉਤੇ ਚਾਟੀ ਦੇ,
ਪਾ ਕੇ ਵਿਚ ਮਧਾਣੀ ਘੁਮਾਉਂਦੀ ਸੀ।
ਪਿਆ ਕੇ ਚਾਹ ਪਾਣੀ ਸੱਭ ਨੂੰ,
ਪਕਾ ਕੇ ਹਾਜ਼ਰੀ ਮੈਂ ਖਵਾਉਂਦੀ ਸੀ।
ਤੀਜੇ ਪਹਿਰ ਮੱਝਾਂ ਨੂੰ ਪਿਆ ਕੇ ਪਾਣੀ,
ਸੰਨੀਆਂ ਕਰ ਕੇ ਮੈਂ ਖਵਾਉਂਦੀ ਸੀ।
ਦਾਲ ਧਰ ਕੇ ਰਿਝਣੀ ਹਾਰੇ ਵਿਚ,
ਧਾਰਾਂ ਚੋ ਕੇ ਮੈਂ ਲਿਆਉਂਦੀ ਸੀ।
ਰੋਟੀ ਟੱਬਰ ਦੀ ਤਿਆਰ ਕਰ ਕੇ
ਬਿਠਾ ਕੇ ਸੱਭ ਨੂੰ ਖਵਾਉਂਦੀ ਸੀ।
ਨੱਠ ਭੱਜ ਸਾਰਾ ਦਿਨ ਕਰ ਕੇ,
ਥੋੜੀ ਜਿਹੀ ਚੈਨ ਆਉਂਦੀ ਸੀ।
ਅੱਜ ਜ਼ਮਾਨਾ ਬਹੁਤ ਬਦਲ ਗਿਆ,
ਗੱਲ ਪਿਛਲੇ ਜ਼ਮਾਨੇ ਦੀ ਸੁਣਾਉਂਦੀ ਸੀ।
ਔਰਤ ਨੂੰ ਕੁੱਝ ਆਰਾਮ ਮਿਲਿਆ,
ਮਾਂ ਇਕ ਧੀ ਨੂੰ ਦਿਖਾਉਣਾ ਚਾਹੁੰਦੀ ਸੀ।
ਨਾ ਮਾਰੀਂ ਤੂੰ ਇਹਨੂੰ ਕੁੱਖ ਵਿਚ
ਇਕ ਮਾਂ ਉਹਦੇ ਪਿਉ ਨੂੰ ਤਰਲੇ ਪਾਉਂਦੀ ਸੀ।

- ਚਰਨ ਸਿੰਘ,
ਪਿੰਡ : ਹਰਬੰਸ ਪੁਰ,
ਤਹਿ. : ਸਮਰਾਲਾ : ਲੁਧਿਆਣਾ।
ਮੋਬਾਇਲ : 99143-39052

ਸ਼ਹੀਦੀ ਜੋੜ ਮੇਲਾ

ਸ਼ਹੀਦੀ ਜੋੜ ਮੇਲੇ ਨੂੰ, ਨਾ ਤੁਸੀ ਮੇਲਾ ਬਣਾਉ।
ਸ਼ਹੀਦਾਂ ਦੀ ਧਰਤੀ ਫ਼ਤਿਹਗੜ੍ਹ ਸਾਹਿਬ ਵਿਖੇ ਨਿਮਰਤਾ ਨਾਲ ਸਿਰ ਝੁਕਾਉ।
ਛੱਡੋ ਫ਼ਜ਼ੂਲ ਅਨਾਊਂਸਮੈਂਟ ਕਰਨੀ, ਸੌ ਭਾਂਤੀ ਪਕਵਾਨ ਬਣਾਉਣੇ।
ਛਕੋ ਸਾਦਾ ਦਾਲ ਫੁਲਕਾ, ਬੰਦ ਕਰੋ ਟਿੱਕੀਆਂ ਬਰਗਰ ਖਵਾਉਣੇ।
ਜਿਥੇ ਹੁੰਦਾ ਸੀ ਕਦੇ ਅਫ਼ਸੋਸ, ਉਥੇ ਵੋਟਾਂ ਵਾਲੇ ਰੌਲਾ ਪਾਉਂਦੇ ਨੇ।
ਕੌਮ ਦੀ ਖ਼ਾਤਰ ਜਿਨ੍ਹਾਂ ਨੇ ਖ਼ੂਨ ਡੋਲ੍ਹਿਆ, ਕਿਉਂ ਉਨ੍ਹਾਂ ਦਾ ਮਜ਼ਾਕ ਉਡਾਉਂਦੇ ਨੇ?
ਬੰਦ ਕਰੋ ਧਾਰਮਕ ਸਥਾਨਾਂ 'ਤੇ ਕਾਨਫ਼ਰੰਸਾਂ ਕਰਨੀਆਂ,
ਦੱਸੋ ਸਿੱਖ ਕੌਮ ਨੂੰ ਉਨ੍ਹਾਂ ਸਾਹਿਬਜ਼ਾਦਿਆਂ ਦਾ ਕੌਮ ਲਈ ਮਰਨਾ।
ਬੰਦ ਰਖਦੇ ਨੇ ਸੰਗਤ ਲਈ ਰਾਹ, ਜਦੋਂ ਵੀ ਆਈ.ਪੀ. ਆਉਂਦੇ ਨੇ,
ਦੂਰ ਦੁਰਾਡੇ ਦੀ ਸੰਗਤ ਨੂੰ ਪੁੱਠੇ ਸਿੱਧੇ ਰਾਹਾਂ ਤੋਂ ਲੰਘਾਉਂਦੇ ਨੇ।
ਮਨਾਉ ਸੋਗ ਉਨ੍ਹਾਂ ਨਿੱਕੀਆਂ ਜਿੰਦਾ ਦਾ, ਨਾ ਤੁਸੀ ਖ਼ੁਸ਼ੀਆਂ ਮਨਾਉ।
ਜਪੋ ਨਾਮ ਉਨ੍ਹਾਂ ਸਾਹਿਬਜ਼ਾਦਿਆਂ ਦਾ, ਨਾ ਤੁਸੀ ਉਥੇ ਫ਼ਜ਼ੂਲ ਦਾ ਰੌਲਾ ਪਾਉ।
ਕਿਵੇਂ ਕੱਟੀਆਂ ਉਨ੍ਹਾਂ ਠੰਢੇ ਬੁਰਜ ਵਿਚ ਰਾਤਾਂ, ਨਾ ਉਨ੍ਹਾਂ ਦੀ ਸ਼ਹਾਦਤ ਨੂੰ ਭੁਲਾਉ।
ਸ਼ਹੀਦਾਂ ਦੀ ਧਰਤੀ ਫ਼ਤਿਹਗੜ੍ਹ ਸਾਹਿਬ, ਵਿਖੇ ਨਿਮਰਤਾ ਨਾਲ ਸਿਰ ਝੁਕਾਉ।
ਸ਼ਹੀਦੀ ਜੋੜ ਮੇਲੇ ਨੂੰ ਨਾ ਤੁਸੀ ਮੇਲਾ ਬਣਾਉ, ਸ਼ਹੀਦੀ ਜੋੜ ਮੇਲੇ ਨੂੰ ਨਾ ਤੁਸੀ ਮੇਲਾ ਬਣਾਉ।

- ਸਤਿੰਦਰ ਭੋਪਾਲ
ਨੇੜੇ ਨਾਮਦੇਵ ਮੰਦਰ, ਬਸੀ ਪਠਾਣਾ।
ਮੋਬਾਇਲ : 90231-78469



ਨਾ ਮਾਰੋ ਧੀਆਂ ਨੂੰ

ਕੁੱਖਾਂ 'ਚ ਨਾ ਮਾਰੋ ਧੀਆਂ ਨੂੰ, ਤਰਸੋਗੇ ਫਿਰ ਤੀਆਂ ਨੂੰ।
ਤੁਸੀ ਕੁੱਖ 'ਚ ਧੀਆਂ ਨੂੰ ਮਾਰਦੇ ਓ, ਕਈ ਰਿਸ਼ਤਿਆਂ ਨੂੰ ਜੜ੍ਹੋਂ ਉਖਾੜਦੇ ਓ।
ਪੁੱਤ ਤੁਹਾਡੇ ਕਿਸ ਤੋਂ ਰਖੜੀ ਬਨ੍ਹਾਉਣਗੇ,
ਪੋਤੇ-ਪੋਤੀਆਂ ਤੁਹਾਡੇ ਭੂਆ ਕੀਹਨੂੰ ਬੁਲਾਉਣਗੇ।
ਲੋਕੋ ਤੁਸੀ ਕਿਉਂ ਕਤਲ ਕਰਦੇ ਓ, ਕਿਉਂ ਧੀਆਂ ਜੰਮਣ ਤੋਂ ਡਰਦੇ ਓ।
ਅੱਜ ਧੀਆਂ ਵੀ ਪੁੱਤਰਾਂ ਵਰਗੀਆਂ ਨੇ,
ਪਰ ਫਿਰ ਵੀ ਕੁੱਖਾਂ ਵਿਚ ਮਰਦੀਆਂ ਨੇ।

- ਦਮਨਪ੍ਰੀਤ ਕੌਰ,
ਪਿੰਡ : ਰਾਏਪੁਰ, ਗੁੱਜਰਾਂ, ਡਾਕ : ਮਾਨੰਪੁਰ, ਤਹਿ.: ਬਸੀ ਪਠਾਣਾ,
ਜ਼ਿਲ੍ਹਾ : ਫ਼ਤਿਹਗੜ੍ਹ ਸਾਹਿਬ, ਮੋਬਾਇਲ : 98722-50010

'ਚੰਗਾ ਏ'

ਸਾਨੂੰ ਚੇਤੇ ਕਰਦਾ ਰਹੇਂ ਤਾਂ ਚੰਗਾ ਏ,
ਹਾਮੀ ਸਾਡੀ ਭਰਦਾ ਰਹੇਂ ਤਾਂ ਚੰਗਾ ਏ।
ਥਾਂ ਥਾਂ 'ਤੇ ਮਰਨ-ਮੁੱਕਣ ਨਾਲੋਂ ਚੰਗਾ ਏ,
ਇਕ ਦਾ ਹੋ ਕੇ ਮਰਦਾ ਰਹੇਂ ਤਾਂ ਚੰਗਾ ਏ।
ਸ਼ੌਕ ਜਿੱਤਾਂ ਦਾ ਰੱਖਣ ਵਾਲਾ ਬੰਦਾ ਜੇ,
ਇਕ ਦੋ-ਵਾਰੀ ਹਰਦਾ ਰਹੇ ਤਾਂ ਚੰਗਾ ਏ।
ਹਰ ਵੇਲੇ ਖ਼ੁਸ਼ੀਆਂ 'ਚ ਰਹਿਣਾ ਠੀਕ ਨਹੀਂ,
ਦਿਲ ਕਦੇ-ਕਦੇ ਜੇ ਭਰਦਾ ਰਹੇ ਤਾਂ ਚੰਗਾ ਏ।
ਬਿਨਾਂ ਸਹਾਰਾ ਲਏ ਬਸ ਮਿਹਨਤ ਨਾਲ,
ਇਨਸਾਨ ਚੜ੍ਹਾਈ-ਚੜ੍ਹਦਾ ਰਹੇ ਤਾਂ ਚੰਗਾ ਏ।
ਖ਼ੁਦਕੁਸ਼ੀ ਤਾਂ ਬੁਜ਼ਦਿਲ ਲੋਕ ਹੀ ਕਰਦੇ ਨੇ,
ਹਾਲਾਤ ਨਾਲ ਜੇ ਲੜਦਾ ਰਹੇਂ ਤਾਂ ਚੰਗਾ ਏ।
ਹੁਣ ਖ਼ੌਫ਼ ਕਿਸੇ ਨੂੰ 'ਭੋਟੀ' ਕਿਸੇ ਦਾ ਰਿਹਾ ਨਹੀਂ,
ਬੰਦਾ ਰੱਬ ਕੋਲੋਂ ਜੇ ਡਰਦਾ ਰਹੇ ਤਾਂ ਚੰਗਾ ਏ।

- ਸਵਿੰਦਰ ਸਿੰਘ ਭੋਟੀ
ਮੋਬਾਇਲ : 98729-89193

ਮਿੰਨੀ ਕਹਾਣੀਆਂ

ਸੱਸ

ਰਸੋਈ ਦੇ ਕੰਮ ਤੋਂ ਵਿਹਲੀ ਹੋ ਕੇ ਸਿਮਰਨ ਨਾਸ਼ਤਾ ਕਰਨ ਬੈਠੀ ਹੀ ਸੀ ਕਿ ਉਸ ਦੀ ਸੱਸ ਹਰਮਿੰਦਰ ਆਵਾਜ਼ ਮਾਰਦੀ ਬੋਲੀ, "ਬਹੂ, ਮੈਂ ਡੇਰੇ 'ਤੇ ਚੱਲੀ ਆਂ, ਸੇਵਾ ਐ ਉਥੇ, ਤੂੰ ਜ਼ਰਾ ਸਫ਼ਾਈ ਕਰ ਕੇ ਕਪੜੇ ਧੋ ਲਵੀਂ ਤੇ ਦੁਪਹਿਰੇ ਟਿਫ਼ਨ ਪੈਕ ਕਰ ਕੇ ਦੁਕਾਨ 'ਤੇ ਭੇਜ ਦੇਵੀਂ। ਚੰਗਾ ਮੈਂ ਚਲਦੀ ਆਂ। ਹਾਂ ਨਾਲੇ ਕਪੜੇ ਪ੍ਰੈਸ ਵਾਲੇ ਵੀ ਵਾਹਵਾ ਹੋਏ ਪਏ ਨੇ, ਪ੍ਰੈਸ ਮਾਰ ਦੇਵੀਂ ਉਨ੍ਹਾਂ 'ਤੇ।" ਕਹਿੰਦਿਆਂ ਹਰਮਿੰਦਰ ਬੂਹਿਉਂ ਬਾਹਰ ਹੋ ਗਈ।

ਕੰਮ ਨਬੇੜਦਿਆਂ ਸਿਮਰਨ ਨੂੰ ਸ਼ਾਮ ਪੈ ਗਈ ਤੇ ਥਕਾਵਟ ਕਾਰਨ ਬੈੱਡ 'ਤੇ ਪੈਂਦਿਆਂ ਹੀ ਉਸ ਦੀ ਅੱਖ ਲੱਗ ਗਈ। ਸ਼ਾਮ ਨੂੰ ਆਉਂਦਿਆਂ ਹਰਮਿੰਦਰ ਨੇ ਸਿਮਰਨ ਨੂੰ ਉਸ ਦੇ ਸਹੁਰੇ ਤੇ ਪਤੀ ਲਈ ਚਾਹ ਬਣਾਉਣ ਲਈ ਆਵਾਜ਼ ਮਾਰ ਦਿਤੀ ਤੇ ਆਪ ਝਾੜੂ ਚੁੱਕ ਕੇ ਹੌਲੇ-ਹੌਲੇ ਛੱਤ ਦੀਆਂ ਪੌੜੀਆਂ ਚੜ੍ਹਨ ਲੱਗੀ।

ਮਾਂ ਨੂੰ ਪੌੜੀਆਂ ਚੜ੍ਹਦੇ ਵੇਖ ਪੁੱਤਰ ਬੋਲਿਆ, "ਮਾਂ, ਤੂੰ ਕਿਧਰ ਚਲੀ ਏਂ?" "ਵੇ ਪੁੱਤਰ, ਛੱਤ 'ਤੇ ਝਾੜੂ ਫੇਰ ਆਵਾਂ, ਬੜਾ ਗੰਦ ਪਿਐ। ਬਹੂ ਨੂੰ ਤਾਂ ਮੈਂ ਕਈ ਵਾਰ ਕਹਿ ਚੁੱਕੀ ਆਂ, ਉਹ ਤਾਂ ਸੁਣਦੀ ਨਹੀਂ। ਏਨਾ ਬੁੱਢੇ ਹੱਡਾਂ ਵਿਚ ਹੁਣ ਕਿਥੇ

ਗੰਢੇ

ਸ਼ਾਮ ਨੂੰ ਸ਼ਹਿਰੋਂ ਵਾਪਸ ਪਰਤਦਿਆਂ ਸੁਖਦੀਪ ਨੇ ਬਾਜ਼ਾਰੋਂ ਸਬਜ਼ੀ ਅਤੇ ਬੱਚਿਆਂ ਲਈ ਕੁੱਝ ਫੱਲ ਖ਼ਰੀਦ ਲਏ। ਘਰ ਵੜਦਿਆਂ ਹੀ ਪਤਨੀ ਨੂੰ ਸੰਬੋਧਨ ਹੁੰਦਿਆਂ ਬੋਲਿਆ, 'ਆਹ ਸਬਜ਼ੀ ਵਾਲਾ ਲਿਫ਼ਾਫ਼ਾ ਫੜੀਂ।'

ਪਤਨੀ ਨੇ ਲਿਫ਼ਾਫ਼ਾ ਫੜਿਆ ਅਤੇ ਸਬਜ਼ੀ ਰਸੋਈ ਵਿਚ ਜਾ ਕੇ ਛਾਬੇ ਵਿਚ ਪਲਟੀ ਤਾਂ ਵੇਖਿਆ ਕਿ ਆਲੂ, ਬੈਂਗਣ, ਅਦਰਕ, ਟਮਾਟਰ, ਹਰੀਆਂ ਮਿਰਚਾਂ ਦਾ ਤਾਂ ਪੂਰਾ ਖਿਲਾਰਾ ਸੀ ਪਰ ਗੰਢੇ ਸਿਰਫ਼ ਚਾਰ ਹੀ ਸਨ। ਸਬਜ਼ੀ ਰਸੋਈ ਵਿਚ ਰੱਖ ਕੇ ਪਾਣੀ ਦਾ ਗਲਾਸ ਸੁਖਦੀਪ ਨੂੰ ਫੜਾਉਂਦੀ ਹੋਈ ਉਹ ਬੋਲੀ, "ਗੰਢੇ ਘੱਟ ਘੱਟ ਕਿੱਲੋ ਤਾਂ ਲੈ ਆਉਂਦੇ।"

"ਭਾਗਵਾਨੇ ਕੀ ਕਰਦਾ? ਕੋਈ ਵੀ ਦੁਕਾਨਦਾਰ, ਰੇਹੜੀ ਵਾਲਾ 60 ਰੁਪਏ ਤੋਂ ਘੱਟ ਨਹੀਂ ਸੀ ਬੋਲਦਾ। ਅੱਗ ਲੱਗੀ ਪਈ ਐ ਗੰਢਿਆਂ ਨੂੰ। ਵੈਸੇ ਸਬਜ਼ੀਆਂ ਤਾਂ ਸਾਰੀਆਂ ਹੀ ਮਹਿੰਗੀਆਂ ਨੇ।"

ਪਤਨੀ ਵਿਚੋਂ ਗੱਲ ਕੱਟ ਕੇ ਬੋਲੀ, "ਇਹ ਕਿੱਡੀ ਕੁ ਵੱਡੀ ਗੱਲ ਹੈ ਬਈ ਗੰਢਿਆ ਨੂੰ ਅੱਗ ਲਗੀ ਪਈ ਹੈ। ਆਪ ਨਿਤ ਸੱਠਾਂ ਦਾ ਪਊਆ ਇਕੱਲਾ ਈ ਚਾੜ੍ਹ ਜਾਨੈਂ, ਕਦੇ ਕਿਹੈ ਕਿ ਸ਼ਰਾਬ ਮਹਿੰਗੀ ਹੈ। ਮੈਂ ਤਾਂ ਫਿਰ ਵੀ ਕਿੱਲੋ ਗੰਢਿਆਂ ਨਾਲ ਚਾਰ ਦਿਨ ਲੰਘਾ ਲੈਂਦੀ।" ਏਨਾ ਕਹਿੰਦੀ ਉਹ ਰੋਟੀ ਟੁਕ ਬਣਾਉਣ ਲਈ ਰਸੋਈ ਵਲ ਤੁਰ ਪਈ। ਸੁਖਦੀਪ ਉਥੇ ਖੜਾ ਖੱਬੇ ਹੱਥ ਨਾਲ ਗਿੱਚੀ ਖੁਰਕਦਾ ਸ਼ਹਿਰੋਂ ਲਿਆਂਦੇ ਡੱਬ ਵਿਚ ਅੜੁੰਗੇ ਪਊਏ ਨੂੰ ਸੱਜੇ ਹੱਥ ਨਾਲ ਟੋਹ ਰਿਹਾ ਸੀ।

- ਕੁਲਦੀਪ ਭਾਗ ਸਿੰਘ ਵਾਲਾ,
ਡਾਕ : ਜੰਡ ਸਾਹਿਬ, ਨੇੜੇ ਸਾਦਿਕ, ਜ਼ਿਲ੍ਹਾ : ਫ਼ਰੀਦਕੋਟ।
ਮੋਬਾਈਲ : 94638-56223

ਵੋਟਾਂ

ਵੋਟਾਂ ਪੈਣ ਵਿਚ ਥੋੜੇ ਜਹੇ ਹੀ ਦਿਨ ਬਾਕੀ ਰਹਿੰਦੇ ਸਨ। ਹਰ ਪਾਸੇ ਚੋਣ ਬੁਖ਼ਾਰ ਚੜ੍ਹਿਆ ਹੋਇਆ ਸੀ। ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਨੇਤਾ ਜੀ ਅਪਣੀ ਚੋਣ ਮੁਹਿੰਮ ਵਿਚ ਲੱਗੇ ਹੋਏ

ਮੋਹ

ਜਗਸੀਰ ਦੇ ਵਿਆਹ ਨੂੰ ਕਰੀਬ ਛੇ ਸਾਲ ਹੀ ਹੋਏ ਸਨ। ਇਸ ਦੌਰਾਨ ਉਸ ਦੇ ਘਰ ਵਿਚ ਇਕ ਪਿਆਰੀ ਜਹੀ ਬੇਟੀ ਨੇ ਜਨਮ ਲਿਆ ਜਿਸ ਨੂੰ ਉਹ ਬਹੁਤ ਪਿਆਰ ਕਰਦਾ ਸੀ ਪਰ ਪਤਨੀ ਨਾਲ ਉਸ ਦੀ ਅਣ-ਬਣ ਰਹਿਣ ਲੱਗੀ। ਨੌਬਤ ਵਿਆਹੁਤਾ ਜੀਵਨ ਦੇ ਟੁੱਟਣ

ਮਤਲਬ

ਮੁਖ਼ਤਿਆਰੋ ਦੇ ਇਕਲੌਤੇ ਪੁੱਤਰ ਗੁਰਮੀਤ ਦੇ ਵਿਆਹ ਦੀ ਉਮਰ ਲੰਘਦੀ ਜਾਂਦੀ ਸੀ। ਗੁਰਮੀਤ ਦਾਜ ਦੇ ਲੋਭ ਤੋਂ ਉਪਰ ਉਠਿਆ, ਨਸ਼ੇ ਪੱਤੇ ਤੋਂ ਬਚਿਆ ਤੇ ਬਾਰ੍ਹਵੀਂ ਪਾਸ ਸੀ। ਉਹ ਜੱਦੀ ਇਕ ਏਕੜ ਜ਼ਮੀਨ 'ਚ ਅਪਣੇ ਬਾਪੂ ਨਾਲ ਸਬਜ਼ੀ ਉਗਾਉਂਦਾ ਤੇ ਸ਼ਹਿਰ ਜਾ ਵੇਚਦਾ ਜਿਸ ਕਰ ਕੇ ਘਰ ਦਾ ਗੁਜ਼ਾਰਾ ਵਧੀਆ ਚਲਦਾ।

ਗੁਰਮੀਤ ਦੇ ਰਿਸ਼ਤੇ ਲਈ ਦੋ-ਤਿੰਨ ਪ੍ਰਵਾਰ ਉਨ੍ਹਾਂ ਦੇ ਘਰ ਆਏ ਵੀ ਸਨ ਪਰ ਉਨ੍ਹਾਂ ਨੇ ਵੀ ਗੱਲ ਅੱਗੇ ਨਾ ਵਧਾਈ। ਇਸ ਗੱਲੋਂ ਸਾਰਾ ਪ੍ਰਵਾਰ ਪ੍ਰੇਸ਼ਾਨ ਸੀ। ਪੁੱਤਰ ਮੋਹ 'ਚ ਭਿੱਜੀ ਮੁਖ਼ਤਿਆਰੋ ਨੇ ਵਹਿਮਾਂ-ਭਰਮਾਂ ਦਾ ਸਹਾਰਾ ਲਿਆ। ਕਿਸੇ ਦੇ ਕਹਿਣ ਤੇ ਉਹ ਝਾੜ-ਫੂਕ ਵਾਲੇ ਬਾਬੇ ਕੋਲ ਗਈ। ਇਸ ਸਮੱਸਿਆ ਦੇ ਹੱਲ ਲਈ ਬਾਬੇ ਨੇ ਮੁਖ਼ਤਿਆਰੋ ਨੂੰ ਅਪਣੀ ਭੇਟਾ ਤੋਂ ਇਲਾਵਾ ਵਿਆਹ ਨਾ ਹੋਣ ਤਕ ਕੀੜਿਆਂ ਦੇ ਭੌਣ 'ਤੇ ਸਵੇਰੇ-ਸ਼ਾਮ ਤਿਲਚੌਲੀ ਪਾਉਣ ਦੀ ਸਲਾਹ ਦਿਤੀ। ਮੁਖ਼ਤਿਆਰੋ ਨੇ ਬਾਬੇ ਦੇ ਕਹਿਣ ਅਨੁਸਾਰ ਰੋਜ਼ਾਨਾ ਕੀੜਿਆਂ ਦੇ ਭੌਣ 'ਤੇ ਤਿਲਚੌਲੀ ਪਾਉਣੀ ਸ਼ੁਰੂ ਕਰ